Punjab Government Gazette

**EXTRAORDINARY**

*Published by Authority*

CHANDIGARH, TUESDAY, DECEMBER 5, 2023 (AGRAHAYANA 14, 1945 SAKA)

**ਪੰਜਾਬ ਸਰਕਾਰ**

ਸਥਾਨਕ ਸਰਕਾਰ ਵਿਭਾਗ

(ਟਾਊਨ ਪਲੈਨਿੰਗ ਵਿੰਗ)

(ਪੰਜਾਬ ਮਿਊਸਪਲ ਭਵਨ, ਸੈਕਟਰ, 35-ਏ, ਚੰਡੀਗੜ੍ਹ)

**ਅਧਿਸੂਚਨਾ**

ਮਿਤੀ 5 ਦਸੰਬਰ, 2023

**ਨੰ: ਸੀ.ਟੀ.ਪੀ. (ਸਸ)-2023/3502.**-ਜਿਵੇਂ ਕਿ ਸਰਕਾਰ ਦੇ ਮੀਮੋ ਨੰ: ਸੀ.ਟੀ.ਪੀ./2023/889, ਮਿਤੀ 28.03.2023 ਅਨੁਸਾਰ ਨਗਰ ਨਿਗਮ, ਅੰਮ੍ਰਿਤਸਰ ਦੀ ਰੀਮੈਡਲੇਟਿਡ ਟਾਊਨ ਪਲੈਨਿੰਗ ਜਿਹੜੀ ਕਿ ਸਰਕਾਰ ਦੇ ਨੋਟੀਫਿਕੇਸ਼ਨ ਨੰ:4242 ਆਈ.ਸੀ.ਆਈ-78/21669, ਮਿਤੀ 14.09.1978 ਰਾਹੀਂ ਅਣ-ਬਿਲਟ ਏਰੀਆ ਨਾਮ ਨਾਲ ਘੋਸ਼ਿਤ ਕੀਤਾ ਗਿਆ ਹੈ। ਇਸ ਸਕੀਮ ਵਿੱਚ ਪੈਂਦੇ ਰੂਰਲ ਜ਼ੋਨ ਦੀ ਰੀਮੈਡਲੋਟਿਡ ਸਕੀਮ ਲੇ-ਆਊਟ ਪਲੈਨ ਡਰਾਇੰਗ ਨੰਬਰ ਐਮ.ਟੀ.ਪੀ./ASR/318/21 ਮਿਤੀ 29.11.2021 ਹੈ, ਜਿਸ ਦੀ ਸਰਕਾਰ ਵੱਲੋਂ ਮੰਜੂਰੀ ਨਹੀਂ ਕੀਤੀ ਗਈ ਹੈ।

2. ਜਿਵੇਂ ਕਿ ਨਗਰ ਨਿਗਮ ਅੰਮ੍ਰਿਤਸਰ ਵੱਲੋਂ ਮੌਕੇ ਦੀ ਸਥਿਤੀ ਅਨੁਸਾਰ ਰੀਮੋਡੂਲੋਟਡ ਸਕੀਮ ਡਰਾਇੰਗ ਨੰ: ਐਮ.ਟੀ.ਪੀ./318/21 ਮਿਤੀ 29.11.2021 ਤਿਆਰ ਕੀਤਾ ਗਿਆ। ਇਸ ਰੀਮੋਡੂਲੋਟਰ ਲੇ-ਆਉਟ ਪਲੈਨ ਸਬੰਧੀ ਨਗਰ ਨਿਗਮ, ਅੰਮ੍ਰਿਤਸਰ ਵੱਲੋਂ ਪਬਲਿਕ ਪਾਸੋਂ ਇਤਰਾਜ਼/ਸੁਝਾਅ ਮੰਗੇ ਜਾਣ ਲਈ ਕੀਤੇ ਗਏ ਫੈਸਲੇ ਉਪਰੰਤ ਨਗਰ ਨਿਗਮ ਅੰਮ੍ਰਿਤਸਰ ਵੱਲੋਂ ਪੰਜਾਬੀ ਟ੍ਰਿਬਿਊਨ (ਪੰਜਾਬੀ), ਅਮਰ ਉਜਾਲਾ (ਹਿੰਦੀ) ਅਤੇ ਇੰਡੀਅਨ ਐਕਸਪ੍ਰੈਸ (ਅੰਗਰੇਜ਼ੀ) ਅਖਬਾਰ ਵਿੱਚ ਮਿਤੀ 06.12.2021 ਨੂੰ ਇਸ਼ਤਿਹਾਰ ਦਿੱਤਾ ਗਿਆ ਸੀ। ਪਬਲੀਕੇਸ਼ਨ ਦੇ ਮਿੱਥੇ ਸਮੇਂ ਅੰਦਰ ਨਗਰ ਨਿਗਮ ਨੂੰ ਕੋਈ ਵੀ ਇਤਰਾਜ਼/ਸੁਝਾਅ ਪ੍ਰਾਪਤ ਨਹੀਂ ਹੋਇਆ। ਇਸ ਉਪਰੰਤ ਇਸ ਸਕੀਮ ਦੇ ਤਜਵੀਜ਼ਤ ਲੇ-ਆਊਟ ਪਲੈਨ ਡਰਾਇੰਗ ਨੰਬਰ ਐਮ.ਟੀ.ਪੀ./ASR/318/21 ਮਿਤੀ 29.11.2021 ਨੂੰ ਨਗਰ ਨਿਗਮ ਅੰਮ੍ਰਿਤਸਰ ਨੇ ਆਪਣਾ ਮਤਾ ਨੰ: 83, ਮਿਤੀ 08.06.2023 ਰਾਹੀਂ ਅੰਤਿਮ ਤੌਰ ਤੇ ਅਪਣਾਇਆ ਹੈ।

3. ਹੁਣ ਨਗਰ ਨਿਗਮ ਐਕਟ 1976 ਦੀ ਧਾਰਾ 275(3) ਨੂੰ ਜਨਰਲ ਕਲਾਜਿਜ਼ ਐਕਟ 1898 ਦੀ ਧਾਰਾ 19 ਨਾਲ ਪੜ੍ਹਦੇ ਹੋਏ ਪੰਜਾਬ ਦੇ ਮਾਨਯੋਗ ਰਾਜਪਾਲ ਪ੍ਰਸੰਨਤਾ ਪੂਰਵਕ ਡਰਾਫਟ ਤਜਵੀਜ਼ਤ ਰੀਮੈਡਲੇਟਿਡ ਟਾਊਨ ਪਲੈਨਿੰਗ ਦਾ ਸਕੀਮ ਨੰ: 68 ਜੋ ਕਿ ਡਰਾਇੰਗ ਨੰ:ਐਮ.ਟੀ.ਪੀ./ASR/318/21 ਮਿਤੀ 29.11.2021 ਤੇ ਅੰਕਿਤ ਹੈ, ਨੂੰ ਨਗਰ ਨਿਗਮ ਅੰਮ੍ਰਿਤਸਰ ਨੇ ਆਪਣਾ ਮਤਾ ਨੰ: 83 ਮਿਤੀ 08.06.2023 ਰਾਹੀਂ ਅੰਤਿਮ ਤੌਰ ਤੇ ਅਪਣਾਇਆ ਹੈ, ਦੀ ਪ੍ਰਵਾਨਗੀ ਦਿੰਦੇ ਹਨ।ਇਸ ਤਜਵਿਜ਼ਤ ਰੀਮੈਡਲੇਟਿਡ ਸਕੀਮ ਦੇ ਸ਼ਡਿਊਲ ਆਫ ਕਲਾਜਿਜ਼ ਪਹਿਲੀ ਮੌਜੂਰਸ਼ੁਦਾ ਸਕੀਮ ਵਾਲੇ ਹੀ ਲਾਗੂ ਹੋਣਗੇ।

4. ਇਹ ਅਧਿਸੂਚਨਾ ਮਾਨਯੋਗ ਸਥਾਨਕ ਸਰਕਾਰ ਮੰਤਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀ ਜਾਂਦੀ ਹੈ।

ਚੰਡੀਗੜ੍ਹ
ਮਿਤੀ 4 ਦਸੰਬਰ, 2023

**ਅਜੋਏ ਸ਼ਰਮਾ, ਆਈ.ਏ.ਐਸ.**
ਸਕੱਤਰ ਸਥਾਨਕ ਸਰਕਾਰ ਪੰਜਾਬ

*2985/12-2023/Pb. Govt. Press, S.A.S. Nagar*